# 3

# ਬੱਚਿਆਂ ਲਈ ਮਾਲੀ ਸਹਾਇਤਾ

PJB 003/**2018**

ਓਨਟਾਰਿਓ ਵਿੱਚ ਔਰਤਾਂ ਲਈ ਪਰਿਵਾਰਕ ਕਾਨੂੰਨ



## ਸਾਰੀਆਂ ਔਰਤਾਂ। ਇੱਕੋ ਪਰਿਵਾਰਕ ਕਾਨੂੰਨ।

ਆਪਣੇ ਅਧਿਕਾਰਾਂ ਨੂੰ ਜਾਣੋ।

**flew** Family Law Education for Women
Women's Right to Know

**fodf** Femmes ontariennes et droit de la famille
Le droit de savoir

# ਬੱਚਿਆਂ ਲਈ ਮਾਲੀ ਸਹਾਇਤਾ

*ਇਹ ਪੁਸਤਿਕਾ ਤੁਹਾਨੂੰ ਕਾਨੂੰਨੀ ਮਾਮਲਿਆਂ ਦੀ ਮੁੱਢਲੀ ਸਮਝ ਪ੍ਰਦਾਨ ਕਰਨ ਵਾਸਤੇ ਹੈ। ਇਹ ਵਿਅਕਤੀਗਤ ਕਾਨੂੰਨੀ ਸਲਾਹ ਅਤੇ ਸਹਾਇਤਾ ਦਾ ਬਦਲ ਨਹੀਂ ਹੈ। ਜੇ ਤੁਸੀਂ ਪਰਿਵਾਰਕ ਕਾਨੂੰਨੀ ਮਾਮਲਿਆਂ ਨਾਲ ਨਜਿੱਠ ਰਹੇ ਹੋ, ਤਾਂ ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਤੁਸੀ ਆਪਣੇ ਵਿਕਲਪਾਂ ਨੂੰ ਸਮਝਣ ਲਈ ਅਤੇ ਆਪਣੇ ਅਧਿਕਾਰਾਂ ਦੀ ਰੱਖਿਆ ਕਰਨ ਲਈ ਜਿੰਨੀ ਜਲਦੀ ਸੰਭਵ ਹੋਵੇ ਕਾਨੂੰਨੀ ਸਲਾਹ ਲਓ। ਪਰਿਵਾਰਕ ਕਾਨੂੰਨ ਦੇ ਵਕੀਲ ਨੂੰ ਕਿਵੇ ਲੱਭਣਾ ਹੈ ਅਤੇ ਉਸਨੂੰ ਭੁਗਤਾਨ ਕਿਵੇਂ ਕਰਨਾ ਹੈ, ਇਸ ਬਾਬਤ ਵਧੇਰੇ ਜਾਣਕਾਰੀ ਵਾਸਤੇ ਸਾਡੀ ਪੁਸਤਿਕਾ "ਤੁਹਾਡੀ ਪਰਿਵਾਰਕ ਕਾਨੂੰਨ ਸਬੰਧੀ ਸਮੱਸਿਆ ਵਾਸਤੇ ਮਦਦ ਲੱਭਣੀ" (Finding Help with your Family Law Problem) ਦੇਖੋ। ਤੁਹਾਨੂੰ ਸਾਡੀ ਵੈੱਬਸਾਇਟ www.onefamilylaw.ca 'ਤੇ ਸਾਡੇ ਵੈਬੀਨਾਰ "ਪਰਿਵਾਰਕ ਕਾਨੂੰਨ ਦੇ ਵਕੀਲ ਦੀ ਤਲਾਸ਼ ਕਰਨਾ" ਅਤੇ ਬੱਚੇ ਲਈ ਮਾਲੀ ਸਹਾਇਤਾ ਬਾਰੇ ਦੇਖਣਾ ਵੀ ਮਦਦਗਾਰ ਲੱਗ ਸਕਦਾ ਹੈ।*

ਇੱਕ ਬੱਚੇ ਨੂੰ ਦੋਨਾਂ ਮਾਪਿਆਂ ਕੋਲੋਂ ਵਿੱਤੀ ਸਹਾਇਤਾ ਪ੍ਰਾਪਤ ਕਰਨ ਅਧਿਕਾਰ ਹੁੰਦਾ ਹੈ। ਜੇ ਤੁਸੀਂ ਅਤੇ ਦੂਸਰਾ ਮਾਤਾ ਜਾਂ ਪਿਤਾ ਇਕੱਠੇ ਨਹੀਂ ਰਹਿੰਦੇ, ਤਾਂ ਤੁਹਾਨੂੰ ਲਾਜ਼ਮੀ ਤੌਰ 'ਤੇ ਆਪਣੇ ਬੱਚੇ ਦੀ ਦੇਖਭਾਲ ਕਰਨ ਦੇ ਖ਼ਰਚਿਆਂ ਨੂੰ ਸਾਂਝਾ ਕਰਨਾ ਚਾਹੀਦਾ ਹੈ।

ਮਾਪਿਆਂ ਵਾਸਤੇ ਜ਼ਿਆਦਾਤਰ ਕੇਸਾਂ ਵਿੱਚ ਆਪਣੇ ਬੱਚੇ ਦੀ ਵਿੱਤੀ ਸਹਾਇਤਾ ਕਰਨਾ ਤਾਂ ਵੀ ਲਾਜ਼ਮੀ ਹੈ ਜੇਕਰ:

- ਉਹ ਬੱਚੇ ਦੇ ਨਾਲ ਨਹੀਂ ਰਹਿੰਦੇ;
- ਉਹ ਬੱਚੇ ਨੂੰ ਨਹੀ ਮਿਲਦੇ; ਸਿਵਾਇ ਉਨ੍ਹਾਂ ਵਿਰਲੇ ਕੇਸਾਂ ਵਿੱਚ ਜਿਥੇ ਬੱਚੇ ਨੇ ਕਿਸੇ ਚੰਗੇ ਕਾਰਨ ਤੋਂ ਬਿਨਾਂ ਮਾਤਾ/ਪਿਤਾ ਨੂੰ ਠੁਕਰਾ ਦਿੱਤਾ ਹੈ;
- ਉਹ ਦੂਜੇ ਮਾਤਾ-ਪਿਤਾ ਦੇ ਨਾਲ ਵਿਆਹੇ ਨਹੀਂ ਹੋਏ; ਜਾਂ
- ਉਹ ਕਦੇ ਵੀ ਦੂਜੇ ਮਾਤਾ -ਪਿਤਾ ਨਾਲ ਨਹੀਂ ਰਹੇ।

ਜੇ ਬੱਚਾ ਜ਼ਿਆਦਾਤਰ ਸਮੇਂ ਤੁਹਾਡੇ ਨਾਲ ਰਹਿੰਦਾ ਹੈ,ਇਸ ਨੂੰ ਬੱਚੇ ਦੀ ਮੁੱਖ ਰਿਹਾਇਸ਼ ਕਿਹਾ ਜਾਂਦਾ ਹੈ ਅਤੇ ਤੁਸੀਂ ਦੂਸਰੇ ਮਾਪੇ ਕੋਲੋਂ **ਬੱਚਿਆਂ ਲਈ ਮਾਲੀ ਸਹਾਇਤਾ** ਦੇ ਪਾਤਰ ਹੋ। ਤੁਸੀਂ **ਪ੍ਰਾਪਤ ਕਰਤਾ** ਹੋ ਅਤੇ ਦੂਜੇ ਮਾਪੇ ਨੂੰ **ਭੁਗਤਾਨ ਕਰਤਾ** (**payor**) ਕਿਹਾ ਜਾਂਦਾ ਹੈ। ਜੇ ਬੱਚਾ ਜ਼ਿਆਦਾਤਰ ਸਮਾਂ ਦੂਸਰੇ ਮਾਪੇ ਦੇ ਨਾਲ ਰਹਿੰਦਾ ਹੈ,ਤਾਂ ਤੁਹਾਡੇ ਵਾਸਤੇ ਤੁਹਾਡੇ ਬੱਚੇ ਦੇ ਲਈ ਮਾਲੀ ਸਹਾਇਤਾ ਦਾ ਭੁਗਤਾਨ ਕਰਨਾ ਜ਼ਰੂਰੀ ਹੈ।

ਭੁਗਤਾਨ ਕਰਤਾ ਜਨਮ ਦੇਣ ਵਾਲਾ ਮਾਪਾ ਜਾਂ ਗੋਦ ਲੈਣ ਵਾਲਾ ਮਾਪਾ ਹੋ ਸਕਦਾ ਹੈ। ਕਿਸੇ ਮਤਰੇਏ ਮਾਪੇ ਵਾਸਤੇ ਵੀ ਬੱਚੇ ਲਈ ਮਾਲੀ ਸਹਾਇਤਾ ਦਾ ਭੁਗਤਾਨ ਕਰਨ ਦੀ ਲੋੜ ਹੋ ਸਕਦੀ ਹੈ ਜਿਸਨੇ ਮਾਪੇ ਵਜੋਂ ਫਰਜ਼ ਨਿਭਾਇਆ ਹੈ।

## ਬੱਚੇ ਲਈ ਮਾਲੀ ਸਹਾਇਤਾ ਕਿਵੇਂ ਪ੍ਰਾਪਤ ਕੀਤੀ ਜਾਏ

ਤੁਸੀਂ ਅਤੇ ਤੁਹਾਡੇ ਬੱਚੇ ਦਾ ਦੂਸਰਾ ਮਾਪਾ ਬੱਚੇ ਲਈ ਮਾਲੀ ਸਹਾਇਤਾ ਬਾਬਤ ਆਪਣੇ ਖੁਦ ਦੇ ਇੰਤਜ਼ਾਮ ਕਰ ਸਕਦੇ ਹੋ।ਆਪਣੀ ਸਹਿਮਤੀ ਨੂੰ **ਤਾਰੀਖ ਲਿਖਕੇ ਲਿਖਤੀ ਰੂਪ ਦੇਣਾ** ਇੱਕ ਵਧੀਆ ਵਿਚਾਰ ਹੈ।ਹਰ ਮਾਪੇ ਲਈ ਉਸ ਤੇ ਹਸਤਾਖਰ ਕਰਨਾ ਜ਼ਰੂਰੀ ਹੈ, ਹਰੇਕ ਵਾਸਤੇ **ਗਵਾਹ** ਕਹੇ ਜਾਣ ਵਾਲੇ ਵੱਖਰੇ ਵਿਅਕਤੀ ਦੇ ਸਾਮ੍ਹਣੇ। ਜੇ ਹਰੇਕ ਮਾਪਾ ਉਸ ਤੇ ਨਜ਼ਰ ਮਾਰਨ ਲਈ ਅਤੇ ਫਿਰ ਉਸ ਨੂੰ ਅਦਾਲਤ ਦੇ ਨਾਲ ਫਾਇਲ ਕਰਨ ਲਈ ਵਕੀਲ ਕਰਦਾ ਹੈ ਤਾਂ ਇਹ ਸਭ ਤੋਂ ਵਧੀਆ ਹੈ।

ਜੇ ਤੁਸੀਂ ਰਕਮ ਬਾਰੇ ਸਹਿਮਤ ਨਹੀਂ ਹੋ ਸਕਦੇ, ਜੇ ਦੂਜੇ ਮਾਪੇ ਦੇ ਨਾਲ ਤੁਹਾਡਾ ਰਿਸ਼ਤਾ ਦੁਰਵਿਹਾਰ ਵਾਲਾ ਹੈ ਜਾਂ ਸੀ, ਜੇ ਸਹਿਮਤੀ ਟੁੱਟ ਜਾਂਦੀ ਹੈ, ਜਾਂ ਜੇ ਬੱਚਾ ਕੁਝ ਕੁ ਸਮਾਂ ਤੁਹਾਡੇ ਨਾਲ ਰਹਿੰਦਾ ਹੈ ਅਤੇ ਤੁਹਾਨੂੰ ਬੱਚਿਆਂ ਲਈ ਮਾਲੀ ਸਹਾਇਤਾ ਦੀ ਲੋੜ ਹੈ, ਤਾਂ ਤੁਸੀਂ ਅਦਾਲਤ ਨੂੰ ਬੱਚੇ ਲਈ ਮਾਲੀ ਸਹਾਇਤਾ ਲਈ ਇੱਕ ਆਦੇਸ਼ ਦੇਣ ਵਾਸਤੇ ਕਹਿ ਸਕਦੇ ਹੋ।ਇੰਨ੍ਹਾਂ ਸਾਰੀਆਂ ਸਥਿਤੀਆਂ ਵਿੱਚ,ਕਿਸੇ ਵਕੀਲ ਨਾਲ ਗੱਲ ਕਰਨਾ ਵਧੀਆ ਵਿਚਾਰ ਹੈ।

## ਕਿਸੇ ਮਾਪੇ ਵਾਸਤੇ ਕਦੋਂ ਤੱਕ ਬੱਚੇ ਲਈ ਮਾਲੀ ਸਹਾਇਤਾ ਦਾ ਭੁਗਤਾਨ ਕਰਨਾ ਲਾਜ਼ਮੀ ਹੈ?

ਬੱਚੇ ਲਈ ਮਾਲੀ ਸਹਾਇਤਾ ਦਾ ਭੁਗਤਾਨ ਤਦ ਤੱਕ ਕਰਨਾ ਲਾਜ਼ਮੀ ਹੈ ਜਦ ਤੱਕ ਬੱਚਾ ਅਜੇ ਵੀ ਨਿਰਭਰ ਹੈ।ਜ਼ਿਆਦਾਤਰ ਮਾਮਲਿਆਂ ਵਿੱਚ, ਇਸਦਾ ਮਤਲਬ ਇਹ ਹੈ ਕਿ ਜਦ ਤੱਕ ਬੱਚਾ ਘੱਟੋ ਘੱਟ 18 ਸਾਲਾਂ ਦਾ ਨਹੀਂ ਹੋ ਜਾਂਦਾ।ਬੱਚੇ ਦੇ 18 ਸਾਲਾਂ ਦਾ ਹੋ ਜਾਣ ਦੇ ਬਾਅਦ, ਜੇ ਬੱਚਾ ਆਪਣਾ ਨਿਰਵਾਹ ਨਹੀਂ ਕਰ ਸਕਦਾ, ਕਿਉਂਕਿ ਉਹ ਬਿਮਾਰ ਹੈ, ਜਾਂ ਉਸਨੂੰ ਕੋਈ ਅਪੰਗਤਾ ਹੈ, ਜਾਂ ਉਹ ਪੂਰਾ ਸਮਾਂ ਪੜ੍ਹਾਈ ਕਰਨ ਵਾਲਾ ਵਿਦਿਆਰਥੀ ਹੈ ਤਾਂ ਹੋ ਸਕਦਾ ਹੈ ਕਿ ਭੁਗਤਾਨ ਕਰਨ ਵਾਲੇ ਮਾਪੇ ਨੂੰ ਬੱਚੇ ਲਈ ਮਾਲੀ ਸਹਾਇਤਾ ਦਾ ਭੁਗਤਾਨ ਕਰਨਾ ਜਾਰੀ ਰੱਖਣਾ ਪਵੇ।16 ਸਾਲ ਤੋਂ ਵੱਡੀ ਉਮਰ ਦੇ ਬੱਚੇ ਨਿਰਭਰ ਨਹੀਂ ਰਹਿੰਦੇ ਜੇਕਰ ਉਹਨਾਂ ਦਾ ਵਿਆਹ ਹੋ ਜਾਂਦਾ ਹੈ ਜਾਂ ਜੇ ਉਹ ਘਰ ਛੱਡ ਜਾਂਦੇ ਹਨ।

ਸਭ ਤੋਂ ਵੱਧ ਸਮਾਂ ਬੱਚੇ ਦੇ ਨਾਲ ਰਹਿਣ ਵਾਲਾ ਮਾਪਾ ਬੱਚੇ ਲਈ ਮਾਲੀ ਸਹਾਇਤਾ ਪ੍ਰਾਪਤ ਕਰਨ ਦਾ ਹੱਕਦਾਰ ਹੈ ਤਾਂ ਵੀ ਜੇਕਰ ਉਹ ਮਾਪਾ ਦੁਬਾਰਾ ਵਿਆਹ ਕਰ ਲੈਂਦਾ ਹੈ ਜਾਂ ਕਿਸੀ ਹੋਰ ਦੇ ਨਾਲ ਰਹਿਣਾ ਸ਼ੁਰੂ ਕਰ ਦਿੰਦਾ ਹੈ।

## ਅਦਾਲਤ ਬੱਚੇ ਲਈ ਮਾਲੀ ਸਹਾਇਤਾ ਦੀ ਰਕਮ ਬਾਰੇ ਫੈਸਲਾ ਕਿਵੇਂ ਕਰਦੀ ਹੈ?

ਸੰਘੀ ਅਤੇ ਸੂਬਾਈ ਸਰਕਾਰਾਂ ਉਨ੍ਹਾਂ ਮੁੱਢਲੀਆਂ ਰਕਮਾਂ ਬਾਰੇ ਫੈਸਲਾ ਕਰਦੀਆਂ ਹਨ ਜੋ ਭੁਗਤਾਨ ਕਰਨ ਵਾਲੇ ਮਾਪਿਆਂ ਨੂੰ ਬੱਚੇ ਲਈ ਮਾਲੀ ਸਹਾਇਤਾ ਵਾਸਤੇ ਅਦਾ ਕਰਨੀਆਂ ਚਾਹੀਦੀਆਂ ਹਨ। ਰਕਮਾਂ ਹਰੇਕ ਸੂਬੇ ਵਿੱਚ ਰਹਿਣ ਦੇ ਖ਼ਰਚੇ 'ਤੇ ਆਧਾਰਤ ਹੁੰਦੀਆਂ ਹਨ। ਇਨ੍ਹਾਂ ਰਕਮਾਂ ਦੀ ਗਣਨਾ **ਬੱਚਿਆਂ ਲਈ ਮਾਲੀ ਸਹਾਇਤਾ ਸੇਧਾਂ (ਚਾਇਲਡ ਸਪੋਰਟ ਗਾਇਡਲਾਇਨਾਂ)** ਦੇ ਆਧਾਰ 'ਤੇ ਕੀਤੀ ਜਾਂਦੀ ਹੈ ਜੋ ਇਹ ਕਹਿੰਦੀਆਂ ਹਨ ਕਿ ਕਿੰਨੀ ਰਕਮ ਦਾ ਭੁਗਤਾਨ ਲਾਜ਼ਮੀ ਤੌਰ 'ਤੇ ਕੀਤਾ ਜਾਣਾ ਚਾਹੀਦਾ ਹੈ।

ਸੇਧਾਂ ਵਿੱਚ ਦਿੱਤੀ **ਬੱਚੇ ਲਈ ਮਾਲੀ ਸਹਾਇਤਾ ਸਾਰਣੀ (ਚਾਇਲਡ ਸਪੋਰਟ ਟੇਬਲ)** ਦੀ ਵਰਤੋਂ ਭੁਗਤਾਨ ਕੀਤੀ ਜਾਣ ਵਾਲੀ ਸਹਾਇਤਾ ਦੀ ਮੁੱਢਲੀ ਰਕਮ ਦੀ ਗਣਨਾ ਕਰਨ ਵਾਸਤੇ ਕੀਤੀ ਜਾਂਦੀ ਹੈ। ਹਰੇਕ ਸੂਬੇ ਅਤੇ ਪ੍ਰਦੇਸ਼ ਵਾਸਤੇ ਇੱਕ ਵੱਖਰੀ ਸਾਰਣੀ ਹੈ। ਜ਼ਿਆਦਾਤਰ ਮਾਮਲਿਆਂ ਵਿੱਚ, ਬੱਚੇ ਲਈ ਮਾਲੀ ਸਹਾਇਤਾ ਨਾਲ ਵਿਹਾਰ ਕਰਦੇ ਅਦਾਲਤੀ ਆਦੇਸ਼ਾਂ ਵਿੱਚ, ਅਦਾਲਤ ਬੱਚੇ ਲਈ ਮਾਲੀ ਸਹਾਇਤਾ ਸਾਰਣੀ ਵਿਚਲੀਆਂ ਰਕਮਾਂ ਦੀ ਵਰਤੋਂ ਕਰੇਗੀ।

ਲਾਗੂ ਹੋਣ ਵਾਲੀ ਸਾਰਣੀ ਆਮ ਤੌਰ 'ਤੇ ਇਸ ਗੱਲ 'ਤੇ ਆਧਾਰਤ ਹੁੰਦੀ ਹੈ ਕਿ ਭੁਗਤਾਨ ਕਰਤਾ ਕੈਨੇਡਾ ਵਿੱਚ ਕਿੱਥੇ ਰਹਿੰਦਾ ਹੈ। ਉਦਾਹਰਣ ਲਈ, ਜੇ ਦੋਨੋਂ ਮਾਪੇ ਓਨਟਾਰੀਓ ਵਿੱਚ ਰਹਿੰਦੇ ਹਨ ਤਾਂ ਓਨਟਾਰੀਓ ਸਾਰਣੀ ਲਾਗੂ ਹੁੰਦੀ ਹੈ। ਜੇ ਭੁਗਤਾਨ ਕਰਤਾ ਕਿਸੇ ਹੋਰ ਪ੍ਰਾਂਤ ਜਾਂ ਪ੍ਰਦੇਸ਼ ਵਿੱਚ ਰਹਿੰਦਾ ਹੈ, ਤਾਂ ਉਸ ਪ੍ਰਾਂਤ ਜਾਂ ਪ੍ਰਦੇਸ਼ ਵਾਸਤੇ ਸਾਰਣੀ ਲਾਗੂ ਹੁੰਦੀ ਹੈ। ਪਰ ਜੇ ਭੁਗਤਾਨ ਕਰਤਾ ਕੈਨੇਡਾ ਤੋਂ ਬਾਹਰ ਰਹਿੰਦਾ ਹੈ, ਅਤੇ ਦੂਸਰਾ ਮਾਪਾ ਜਿਹੜਾ ਬੱਚੇ ਦੀ ਦੇਖਭਾਲ ਕਰ ਰਿਹਾ ਹੈ ਓਨਟਾਰੀਓ ਵਿੱਚ ਰਹਿੰਦਾ ਹੈ, ਤਾਂ ਓਨਟਾਰੀਓ ਸਾਰਣੀ ਲਾਗੂ ਹੁੰਦੀ ਹੈ।

ਭੁਗਤਾਨ ਕਰਤਾ ਦੁਆਰਾ ਲਾਜ਼ਮੀ ਤੌਰ ਤੇ ਭੁਗਤਾਨ ਕੀਤੇ  ਜਾਣ ਵਾਲੀ ਰਕਮ ਇੰਨ੍ਹਾਂ ਤੇ ਅਧਾਰਤ ਹੁੰਦੀ ਹੈ:

- ਭੁਗਤਾਨ ਕਰਤਾ ਦੀ **ਕੁੱਲ ਸਾਲਾਨਾ ਆਮਦਨ**। ਇਸਦਾ ਮਤਲਬ ਇਹ ਹੈ ਕਿ ਕੋਈ ਵੀ ਟੈਕਸਾਂ ਦਾ ਭੁਗਤਾਨ ਕਰਨ ਜਾਂ ਕਟੌਤੀਆਂ ਕਰਨ ਤੋਂ ਪਹਿਲਾਂ ਭੁਗਤਾਨ ਕਰਤਾ ਕੋਲ ਕਿੰਨੀ ਰਕਮ ਸੀ,ਅਤੇ
- ਭੁਗਤਾਨ ਕਰਤਾ ਕਿੰਨੇ ਨਿਰਭਰ ਬੱਚਿਆਂ ਨੂੰ ਮਾਲੀ ਸਹਾਇਤਾ ਦੇਣ ਵਾਸਤੇ ਜ਼ਿੰਮੇਵਾਰ ਹੈ।

ਜੇ ਭੁਗਤਾਨ ਕਰਤਾ ਆਪਣੇ ਲਈ ਕੰਮ ਕਰਦਾ ਹੈ ਜਾਂ ਉਨ੍ਹਾਂ ਦਾ ਆਪਣਾ ਕਾਰੋਬਾਰ ਹੈ, ਤਾਂ ਸੰਭਵ ਹੈ ਕਿ ਇਹ ਜ਼ਾਹਰ ਨਾ ਹੋਏ ਕਿ ਭੁਗਤਾਨ ਕਰਤਾ ਕਿੰਨਾ ਕਮਾਉਂਦਾ ਹੈ।ਸੰਭਵ ਹੈ ਕਿ ਭੁਗਤਾਨ ਕਰਤਾ ਆਪਣੀ ਆਮਦਨ ਵਿੱਚੋਂ ਬਹੁਤ ਸਾਰੇ ਖਰਚੇ ਘਟਾ ਦੇਣ ਜਾਂ ਆਪਣੇ ਆਪ ਨੂੰ ਜ਼ਿਆਦਾ ਭੁਗਤਾਨ ਨਾ ਕਰਨ ਤਾਂ ਕਿ ਉਨ੍ਹਾਂ ਦੀ ਆਮਦਨੀ ਅਸਲ ਨਾਲੋਂ ਘੱਟ ਲਗੇ।ਜੇ ਭੁਗਤਾਨ ਕਰਤਾ ਆਪਣੇ ਲਈ ਕੰਮ ਕਰਦਾ ਹੈ ਤਾਂ ਤੁਹਾਨੂੰ ਉਨ੍ਹਾਂ ਦੇ ਕਾਰੋਬਾਰ ਬਾਰੇ ਜਾਣਕਾਰੀ ਸਮੇਤ ਉਨ੍ਹਾਂ ਦੀ ਆਮਦਨੀ ਬਾਰੇ ਹੋਰ ਜਾਣਕਾਰੀ ਮੰਗਣ ਦਾ ਹੱਕ ਹੈ।

ਅਨੇਕ ਕੇਸਾਂ ਵਿੱਚ, ਅਦਾਲਤ ਭੁਗਤਾਨ ਕਰਤਾ ਨੂੰ ਸੇਧਾਂ ਵਿੱਚ ਦਸੀ ਮੁਢਲੀ ਰਕਮ ਦਾ ਭੁਗਤਾਨ ਕਰਨ ਦਾ ਹੁਕਮ ਦੇਵੇਗੀ।ਪਰ, ਕੁਝ ਵਿਸ਼ੇਸ਼ ਕੇਸਾਂ ਵਿੱਚ, ਅਦਾਲਤ ਅਜਿਹੀ ਰਕਮ ਲਈ ਹੁਕਮ ਦੇਵੇਗੀ ਜਿਹੜੀ ਸੇਧਾਂ ਤੋਂ ਵੱਖਰੀ ਹੈ, ਜਿਵੇਂ ਕਿ:

- ਜਦ ਮਾਲੀ ਸਹਾਇਤਾ ਦੇ ਭੁਗਤਾਨ ਅਜਿਹੇ ਬੱਚੇ ਵਾਸਤੇ ਕੀਤੇ ਜਾਂਦੇ ਹਨ ਜੋ 18 ਸਾਲ ਤੋਂ ਵੱਧ ਉਮਰ ਦਾ ਹੈ;
- ਜੇ ਕੋਈ ਬੱਚਾ ਹਰੇਕ ਮਾਪੇ ਨਾਲ ਲੱਗਭਗ ਇੱਕੋ ਜਿੰਨਾ ਸਮਾਂ ਬਿਤਾਉਂਦਾ ਹੈ;
- ਜੇ ਰਿਸ਼ਤੇ ਵਿੱਚੋਂ ਇੱਕ ਤੋਂ ਵੱਧ ਬੱਚੇ ਪੈਦਾ ਹੋਏ ਹਨ, ਅਤੇ ਦੋਨਾਂ ਮਾਪਿਆਂ ਵਿੱਚੋਂ ਹਰ ਕਿਸੇ ਨਾਲ ਘੱਟੋ ਘੱਟ ਇੱਕ ਬੱਚਾ ਰਹਿ ਰਿਹਾ ਹੈ, ਜਾਂ
- ਜੇ ਭੁਗਤਾਨ ਕਰਤਾ ਦੀ ਸਾਲਾਨ ਆਮਦਨ ਬਹੁਤ ਜ਼ਿਆਦਾ ਹੈ।

ਇਹਨਾਂ ਮਾਮਲਿਆਂ ਵਿੱਚ, ਅਦਾਲਤ ਤੁਹਾਡੇ ਪਰਿਵਾਰ ਦੀ ਸਥਿਤੀ ਨੂੰ ਦੇਖੇਗੀ।ਮਾਲੀ ਸਹਾਇਤਾ ਦੀ ਰਕਮ ਦੋਨਾਂ ਮਾਪਿਆਂ ਦੀ ਆਮਦਨ ਅਤੇ ਇਸ ਗੱਲ ‘ਤੇ ਆਧਾਰਤ ਹੋਵੇਗੀ ਕਿ ਬੱਚੇ ਨੂੰ ਕਿਸ ਚੀਜ਼ ਦੀ ਲੋੜ ਹੈ।

ਤੁਸੀਂ **ਵਿਸ਼ੇਸ਼ ਜਾਂ ਗੈਰ-ਸਾਧਾਰਨ ਖ਼ਰਚਿਆਂ** ਜਿਵੇਂ ਕਿ ਡੇ ਕੇਅਰ ਜਾਂ ਚਾਇਲਡ ਕੇਅਰ ਵਾਸਤੇ ਫੀਸਾਂ, ਪਾਠਕ੍ਰਮ ਅਤੇ ਪੜ੍ਹਾਈ ਦੇ ਕਈ ਖਰਚੇ ਜਾਂ ਸਿਹਤ ਸੰਭਾਲ ਦੇ ਅਜਿਹੇ ਖਰਚੇ ਜਿਹੜੇ ਨਿਜੀ ਜਾਂ ਸਰਕਾਰੀ ਸਿਹਤ ਬੀਮਾ ਯੋਜਨਾ ਦੁਆਰਾ ਕਵਰ ਨਹੀਂ ਕੀਤੇ ਜਾਂਦੇ ਵਾਸਤੇ ਬੱਚਿਆਂ ਲਈ ਵਾਧੂ ਮਾਲੀ ਸਹਾਇਤਾ ਪ੍ਰਾਪਤ ਕਰਨ ਦੇ ਯੋਗ ਵੀ ਹੋ ਸਕਦੇ ਹਨ।ਕਿਹੜੀ ਚੀਜ਼ ਖਾਸ ਖਰਚਾ ਹੈ ਅਤੇ ਕਿਹੜੀ ਖਾਸ ਖਰਚਾ ਨਹੀਂ ਹੈ ਮਾਪਿਆਂ ਦੀ ਆਮਦਨੀ ਅਤੇ ਬੱਚੇ ਦੀਆਂ ਲੋੜਾਂ ਤੇ ਨਿਰਭਰ ਕਰਦੇ ਹੋਏ ਵੱਖ ਵੱਖ ਹੋ ਸਕਦੀ ਹੈ, ਇਸ ਲਈ ਇੰਨ੍ਹਾਂ ਵਾਧੂ ਖਰਚਿਆਂ ਬਾਰੇ ਇੱਕ ਵਕੀਲ ਦੇ ਨਾਲ ਗੱਲ ਕਰਨਾ ਇੱਕ ਚੰਗਾ ਵਿਚਾਰ ਹੈ।

ਜੇ ਤੁਹਾਡੇ ਬੱਚੇ ਦੇ ਵਿਸ਼ੇਸ਼ ਖ਼ਰਚੇ ਹਨ, ਤਾਂ ਤੁਹਾਡੇ ਅਤੇ ਦੂਜੇ ਮਾਪੇ ਵਾਸਤੇ ਖ਼ਰਚੇ ਨੂੰ ਸਾਂਝਾ ਕਰਨਾ ਲਾਜ਼ਮੀ ਹੈ। ਉਹ ਰਕਮ ਜੋ ਤੁਹਾਡੇ ਵਿੱਚੋਂ ਹਰ ਕੋਈ ਅਦਾ ਕਰੇਗਾ, ਤੁਹਾਡੀ ਆਮਦਨ 'ਤੇ ਨਿਰਭਰ ਕਰਦੀ ਹੈ।

ਦੁਰਲੱਭ ਮਾਮਲਿਆਂ ਵਿੱਚ, ਅਦਾਲਤ ਮਾਲੀ ਸਹਾਇਤਾ ਦੀ ਮੁੱਢਲੀ ਰਕਮ ਨੂੰ ਘੱਟ ਕਰ ਸਕਦੀ ਹੈ। ਅਦਾਲਤ ਅਜਿਹਾ ਤਾਂ ਹੀ ਕਰੇਗੀ ਜੇਕਰ ਭੁਗਤਾਨ ਕਰਤਾ ਮਾਪਾ ਇਹ ਸਾਬਤ ਕਰ ਸਕਦਾ ਹੋਵੇ ਕਿ ਸੇਧ ਅਨੁਸਾਰ ਤੈਅ ਕੀਤੀ ਰਕਮ ਉਨ੍ਹਾਂ ਵਾਸਤੇ **ਨਾਜਾਇਜ਼ ਮੁਸ਼ਕਲ** ਦਾ ਕਾਰਨ ਬਣੇਗੀ। ਇਸਦਾ ਮਤਲਬ ਇਹ ਹੈ ਕਿ ਮਾਪਾ ਉਨ੍ਹਾਂ ਦੇ ਖੁਦ ਦੇ ਰਹਿਣ ਦੇ ਖ਼ਰਚਿਆਂ ਦਾ ਭੁਗਤਾਨ ਕਰਨ ਦੇ ਯੋਗ ਨਹੀਂ ਹੋਵੇਗਾ। ਉਦਾਹਰਣ ਲਈ, ਅਦਾਲਤ ਸਹਾਇਤਾ ਦੀ ਰਕਮ ਨੂੰ ਘੱਟ ਕਰ ਸਕਦੀ ਹੈ ਜੇਕਰ ਭੁਗਤਾਨ ਕਰਤਾ ਨੂੰ ਕੋਈ ਅਪੰਗਤਾ ਹੈ ਜਾਂ ਉਸ ਨੇ ਹੋਰ ਨਿਰਭਰ ਲੋਕਾਂ ਨੂੰ ਮਾਲੀ ਸਹਾਇਤਾ ਦਾ ਭੁਗਤਾਨ ਕਰਨਾ ਹੈ।

ਨਾਜਾਇਜ਼ ਮੁਸ਼ਕਲ ਵਾਸਤੇ ਕਿਸੇ ਦਾਅਵੇ ਨੂੰ ਸਵੀਕਾਰ ਕੀਤੇ ਜਾਣ ਤੋਂ ਪਹਿਲਾਂ, ਅਦਾਲਤ **ਹਰੇਕ ਘਰ** ਦੇ ਰਹਿਣ ਸਹਿਣ ਦੇ ਮਿਆਰ ਦੀ ਤੁਲਨਾ ਕਰਨ ਲਈ ਦੋਨਾਂ ਘਰਾਂ ਦੇ **ਹਰੇਕ ਮੈਂਬਰ** ਦੀ ਆਮਦਨ 'ਤੇ ਨਜ਼ਰ ਮਾਰੇਗੀ। ਇਸਦਾ ਮਤਲਬ ਇਹ ਹੈ ਕਿ ਜੇ ਤੁਸੀਂ ਜਾਂ ਦੂਜੇ ਮਾਪੇ ਨੇ ਦੁਬਾਰਾ ਵਿਆਹ ਕਰਵਾ ਲਿਆ ਹੈ ਜਾਂ ਤੁਸੀਂ ਜਾਂ ਉਹ ਕਿਸੇ ਨਵੇਂ ਸਾਥੀ ਨਾਲ ਰਹਿ ਰਹੇ ਹੋ, ਤਾਂ ਅਦਾਲਤ ਉਸਨੂੰ ਧਿਆਨ ਵਿੱਚ ਲਵੇਗੀ।

ਆਮਦਨ ਟੈਕਸ ਰਿਟਰਨਾਂ ਨੂੰ ਦਾਇਰ ਕਰਦੇ ਸਮੇਂ, ਭੁਗਤਾਨ ਕਰਤਾ ਬੱਚੇ ਲਈ ਭੁਗਤਾਨ ਕੀਤੀ ਜਾ ਰਹੀ ਸਹਾਇਤਾ ਦੀ ਰਕਮ ਲਈ ਟੈਕਸ ਕਟੌਤੀ ਵਜੋਂ ਦਾਅਵਾ ਨਹੀਂ ਕਰ ਸਕਦਾ। ਤੁਹਾਡੇ ਵਾਸਤੇ ਬੱਚੇ ਲਈ ਤੁਹਾਨੂੰ ਪ੍ਰਾਪਤ ਹੋਣ ਵਾਲੇ ਮਾਲੀ ਸਹਾਇਤਾ ਭੁਗਤਾਨਾਂ ਨੂੰ ਆਮਦਨ ਵਜੋਂ ਘੋਸ਼ਿਤ ਕਰਨ ਦੀ ਲੋੜ ਨਹੀਂ ਹੈ।

## ਕੀ ਕਿਸੇ ਮਾਲੀ ਸਹਾਇਤਾ ਸਮਝੌਤੇ ਜਾਂ ਅਦਾਲਤੀ ਆਦੇਸ਼ ਨੂੰ ਬਦਲਿਆ ਜਾ ਸਕਦਾ ਹੈ?

ਜੇ ਤੁਹਾਡਾ ਅਤੇ ਦੂਜੇ ਮਾਪੇ ਦਾ ਕੋਈ ਮੌਜੂਦਾ ਸਮਝੌਤਾ ਹੈ ਅਤੇ ਤੁਸੀਂ ਦੋਨੋਂ ਸਹਿਮਤ ਹੋ ਕਿ ਬੱਚੇ ਲਈ ਮਾਲੀ ਸਹਾਇਤਾ ਦੀ ਰਕਮ ਵਿੱਚ ਤਬਦੀਲੀ ਹੋਣੀ ਚਾਹੀਦੀ ਹੈ, ਤਾਂ ਤੁਸੀਂ ਇੱਕ ਨਵੇਂ ਸਮਝੌਤਾ 'ਤੇ ਦਸਤਖਤ ਕਰ ਸਕਦੇ ਹੋ। ਜੇ ਤੁਸੀਂ ਅਤੇ ਦੂਜਾ ਮਾਪਾ ਮੌਜੂਦਾ ਸਮਝੌਤਾ ਨੂੰ ਬਦਲਣ ਬਾਬਤ ਸਹਿਮਤ ਨਹੀਂ ਹੋ ਸਕਦੇ, ਤਾਂ ਤੁਹਾਡੇ ਦੋਨਾਂ ਵਿੱਚੋਂ ਕੋਈ ਵੀ ਅਦਾਲਤ ਨੂੰ ਬੱਚੇ ਲਈ ਮਾਲੀ ਸਹਾਇਤਾ ਵਿੱਚ ਤਬਦੀਲੀ ਕਰਨ ਲਈ ਆਦੇਸ਼ ਦੇਣ ਵਾਸਤੇ ਕਹਿ ਸਕਦਾ ਹੈ।

ਜੇ ਤੁਹਾਡੇ ਕੋਲ ਪਹਿਲਾਂ ਹੀ ਕੋਈ ਅਦਾਲਤੀ ਆਦੇਸ਼ ਹੈ, ਤਾਂ ਤੁਹਾਨੂੰ ਅਦਾਲਤ ਨੂੰ ਬੱਚੇ ਲਈ ਮਾਲੀ ਸਹਾਇਤਾ ਦੀ ਰਕਮ ਵਿੱਚ ਜਾਂ ਮੌਜੂਦਾ ਆਦੇਸ਼ ਵਿਚਲੀਆਂ ਕੋਈ ਵੀ ਹੋਰ ਸ਼ਰਤਾਂ ਵਿੱਚ ਤਬਦੀਲੀ ਕਰਨ ਵਾਸਤੇ ਕਹਿਣਾ ਪੈਣਾ ਹੈ। ਇਸਨੂੰ **ਬੱਚੇ ਲਈ ਮਾਲੀ ਸਹਾਇਤਾ ਆਦੇਸ਼ ਵਿੱਚ ਤਬਦੀਲੀ ਕਰਨਾ** ਕਿਹਾ ਜਾਂਦਾ ਹੈ।

ਅਦਾਲਤ ਸਹਾਇਤਾ ਦੀ ਰਕਮ ਵਿੱਚ ਤਬਦੀਲੀ ਤਾਂ ਹੀ ਕਰੇਗੀ ਜੇਕਰ ਸਥਿਤੀ ਬਹੁਤ ਜ਼ਿਆਦਾ ਬਦਲ ਗਈ ਹੈ, ਉਦਾਹਰਣ ਲਈ, ਜੇਕਰ ਭੁਗਤਾਨ ਕਰਤਾ ਦੀ ਆਮਦਨ ਵਧ ਗਈ ਹੈ ਜਾਂ ਘਟ ਗਈ ਹੈ, ਜੇਕਰ ਬੱਚੇ ਦੇ ਰਹਿਣ ਦੇ ਪ੍ਰਬੰਧਾਂ ਵਿੱਚ ਤਬਦੀਲੀ ਹੋ ਗਈ ਹੈ, ਜਾਂ ਜੇਕਰ ਕੋਈ ਨਵੇਂ ਵਿਸ਼ੇਸ਼ ਖ਼ਰਚੇ ਖੜ੍ਹੇ ਹੋ ਗਏ ਹਨ।

ਇੱਕ ਹੋਰ ਕਾਰਨ ਜਿਸ ਕਰਕੇ ਅਦਾਲਤ ਸਹਾਇਤਾ ਦੀ ਰਕਮ ਵਿੱਚ ਤਬਦੀਲੀ ਕਰ ਸਕਦੀ ਹੈ, ਉਹ ਹੈ ਜੇਕਰ ਨਵੀਆਂ ਸੇਧਾਂ ਕਾਨੂੰਨ ਬਣ ਜਾਂਦੀਆਂ ਹਨ। ਜਦ ਕਾਨੂੰਨ ਬਦਲ ਜਾਂਦਾ ਹੈ ਤਾਂ ਪਿਛਲੀਆਂ ਸੇਧਾਂ 'ਤੇ ਆਧਾਰਿਤ ਕਿਸੇ ਮੌਜੂਦਾ ਆਦੇਸ਼ ਜਾਂ ਸਮਝੌਤੇ ਵਿਚਲੀਆਂ ਬੱਚੇ ਲਈ ਮਾਲੀ ਸਹਾਇਤਾ ਰਕਮਾਂ ਆਪਣੇ ਆਪ ਬਦਲ ਨਹੀਂ ਜਾਂਦੀਆਂ।

ਜੇ ਨਵੀਆਂ ਸੇਧਾਂ ਤੁਹਾਨੂੰ ਬੱਚੇ ਲਈ ਪ੍ਰਾਪਤ ਹੋਣ ਵਾਲੀ ਮਾਲੀ ਸਹਾਇਤਾ ਦੀ ਰਕਮ ਵਿੱਚ ਤਬਦੀਲੀ ਕਰ ਦੇਣਗੀਆਂ,ਤਾਂ ਤੁਹਾਨੂੰ ਅਦਾਲਤ ਨੂੰ ਬੱਚੇ ਲਈ ਮਾਲੀ ਸਹਾਇਤਾ ਆਦੇਸ਼ ਵਿੱਚ ਤਬਦੀਲੀ ਕਰਨ ਲਈ ਕਹਿਣਾ ਪਵੇਗਾ। ਜੇ ਤੁਸੀਂ ਬੱਚੇ ਲਈ ਮਾਲੀ ਸਹਾਇਤਾ ਪ੍ਰਾਪਤ ਕਰ ਰਹੇ ਹੋ, ਤਾਂ ਹਰ ਕੁਝ ਸਾਲਾਂ ਬਾਅਦ ਇਹ ਪੜਤਾਲ ਕਰਨਾ ਵਧੀਆ ਵਿਚਾਰ ਹੈ ਜੇਕਰ ਬੱਚਿਆਂ ਲਈ ਮਾਲੀ ਸਹਾਇਤਾ ਦੀਆਂ ਨਵੀਆਂ ਸੇਧਾਂ ਹਨ। ਇੱਕ ਪਰਿਵਾਰਕ ਕਾਨੂੰਨ ਵਕੀਲ ਇਸ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ।

## ਤੁਹਾਡੇ ਅਧਿਕਾਰ ਅਤੇ ਜ਼ਿੰਮੇਵਾਰੀਆਂ

ਜਦੋਂ ਤੁਸੀਂ ਬੱਚੇ ਲਈ ਮਾਲੀ ਸਹਾਇਤਾ ਵਾਸਤੇ ਅਰਜ਼ੀ ਦਿੰਦੇ ਹੋ, ਤਾਂ ਤੁਹਾਡੇ ਅਧਿਕਾਰ ਅਤੇ ਜ਼ਿੰਮੇਵਾਰੀਆਂ ਹੁੰਦੀਆਂ ਹਨ।

### 1. ਭੁਗਤਾਨ ਕਰਤਾ ਦੇ ਵਿੱਤ ਬਾਬਤ ਜਾਣਕਾਰੀ ਦਾ ਅਧਿਕਾਰ

ਜੇ ਤੁਸੀਂ ਬੱਚੇ ਵਾਸਤੇ ਮਾਲੀ ਸਹਾਇਤਾ ਵਾਸਤੇ ਅਰਜ਼ੀ ਦਿੰਦੇ ਹੋ, ਜਾਂ ਇਸਨੂੰ ਪ੍ਰਾਪਤ ਕਰ ਰਹੇ ਹੋ, ਤਾਂ ਤੁਹਾਨੂੰ ਭੁਗਤਾਨ ਕਰਤਾ ਦੇ ਵਿੱਤ ਬਾਰੇ ਸੱਚ ਜਾਣਨ ਦਾ ਅਧਿਕਾਰ ਹੈ। ਇਸਨੂੰ **ਵਿੱਤੀ ਖੁਲਾਸਾ** ਕਿਹਾ ਜਾਂਦਾ ਹੈ।

ਤੁਹਾਨੂੰ ਇਸ ਜਾਣਕਾਰੀ ਦੀ ਲੋੜ ਇਹ ਯਕੀਨੀ ਬਣਾਉਣ ਵਾਸਤੇ ਹੈ ਕਿ ਭੁਗਤਾਨ ਕਰਤਾ ਬੱਚੇ ਲਈ ਮਾਲੀ ਸਹਾਇਤਾ ਦੀ ਸਹੀ ਰਕਮ ਦਾ ਭੁਗਤਾਨ ਕਰ ਰਿਹਾ ਹੈ।ਕਾਨੂੰਨ ਕਹਿੰਦਾ ਹੈ ਕਿ ਭੁਗਤਾਨ ਕਰਤਾ ਲਈ ਹਰ ਸਾਲ ਤੁਹਾਨੂੰ ਉਨ੍ਹਾਂ ਦੀ ਆਮਦਨ ਬਾਬਤ ਜਾਣਕਾਰੀ ਦੇਣਾ ਜ਼ਰੂਰੀ ਹੈ ਜੇ ਤੁਸੀਂ ਉਸ ਦੀ ਮੰਗ ਕਰਦੇ ਹੋ।

ਕਈ ਵਾਰੀ, ਭੁਗਤਾਨ ਕਰਤਾ ਮਾਪਾ ਸਹਿਯੋਗ ਨਹੀਂ ਕਰਦਾ ਅਤੇ ਸੰਭਵ ਹੈ ਕਿ ਉਹ:

- ਤੁਹਾਨੂੰ ਤੁਹਾਡੇ ਦੁਆਰਾ ਮੰਗੀ ਗਈ ਜਾਣਕਾਰੀ ਨਾ ਦੇਵੇ, ਜਾਂ;
- ਬੱਚੇ ਲਈ ਮਾਲੀ ਸਹਾਇਤਾ ਦਾ ਭੁਗਤਾਨ ਕਰਨ ਤੋਂ ਬਚਣ ਲਈ ਬੇਰੁਜ਼ਗਾਰ ਬਣੇ ਰਹਿਣ ਜਾਂ ਅਜਿਹੀ ਨੌਕਰੀ ‘ਤੇ ਕੰਮ ਕਰਨ ਦੀ ਚੋਣ ਕਰ ਲਵੇ ਜੋ ਜ਼ਿਆਦਾ ਪੈਸੇ ਨਹੀਂ ਦਿੰਦੀ।

ਜੇ ਅਜਿਹਾ ਹੁੰਦਾ ਹੈ, ਤਾਂ ਤੁਹਾਨੂੰ ਅਦਾਲਤ ਨੂੰ ਇਹ ਵਿਸ਼ਵਾਸ ਕਰਵਾਉਣਾ ਪਵੇਗਾ ਕਿ ਭੁਗਤਾਨ ਕਰਤਾ ਵਧੇਰੇ ਕਮਾਈ ਕਰ ਸਕਦਾ ਹੈ ਪਰ ਉਹ ਅਜਿਹਾ ਨਾ ਕਰਨ ਦੀ ਚੋਣ ਕਰਦਾ ਹੈ। ਫੇਰ ਅਦਾਲਤ ਇਹ ਅੰਦਾਜ਼ਾ ਲਗਾ ਸਕਦੀ ਹੈ ਕਿ ਉਸਦੇ ਸੋਚਣ ਮੁਤਾਬਿਕ ਉਸਦੀ ਆਮਦਨ ਕਿੰਨੀ ਹੈ ਜਾਂ ਕਿੰਨੀ ਹੋਣੀ ਚਾਹੀਦੀ ਹੈ।ਇਸਨੂੰ ਭੁਗਤਾਨ ਕਰਤਾ ਮਾਪੇ ਲਈ **ਆਮਦਨ ਨਿਰਧਾਰਤ ਕਰਨਾ** (**imputing**) ਕਿਹਾ ਜਾਂਦਾ ਹੈ।ਅਦਾਲਤ ਨਿਰਧਾਰਤ ਕੀਤੀ ਗਈ ਆਮਦਨ ਦੀ ਵਰਤੋਂ ਇਹ ਫੈਸਲਾ ਕਰਨ ਲਈ ਕਰ ਸਕਦੀ ਹੈ ਕਿ ਤੁਹਾਨੂੰ ਬੱਚੇ ਲਈ ਕਿੰਨੀ ਮਾਲੀ ਸਹਾਇਤਾ ਮਿਲਣੀ ਚਾਹੀਦੀ ਹੈ।

## 2. ਸਮਾਜਕ ਸਹਾਇਤਾ ਪ੍ਰਾਪਤ ਕਰ ਰਹੇ ਮਾਪੇ

2017 ਵਿੱਚ, ਓਨਟਾਰਿਓ ਸਰਕਾਰ ਨੇ ਸਮਾਜਕ ਸਹਾਇਤਾ (ਓਨਟਾਰਿਓ ਵਰਕਸ (ਓਡਬਲਿਊ) ਜਾਂ ਓਨਟਾਰਿਓ ਡਿਸਅਬਿਲਿਟੀ ਸਪੋਰਟ ਪ੍ਰੋਗਰਾਮ (ਓਡਬਲਿਊਐਸਪੀ)) ਪ੍ਰਾਪਤ ਕਰ ਰਹੇ ਮਾਪਿਆਂ ਵਾਸਤੇ ਬੱਚੇ ਲਈ ਮਾਲੀ ਸਹਾਇਤਾ ਬਾਰੇ ਨਵੇਂ ਨਿਯਮਾਂ ਦੀ ਸ਼ੁਰੂਆਤ ਕੀਤੀ।

ਜੇ ਤੁਸੀਂ ਸਮਾਜਕ ਸਹਾਇਤਾ ਦੇ ਭੁਗਤਾਨ ਪ੍ਰਾਪਤ ਕਰ ਰਹੇ ਹੋ, ਤਾਂ ਤੁਸੀਂ ਓਡਬਲਿਊ ਜਾਂ ਓਡਬਲਿਊਐਸਪੀ ਦੋਵਾਂ ਤੋਂ ਪ੍ਰਾਪਤ ਕਰ ਰਹੇ ਪੈਸੇ ਅਤੇ ਤੁਹਾਨੂੰ ਬੱਚੇ ਲਈ ਮਿਲ ਰਹੀ ਸਾਰੀ ਮਾਲੀ ਸਹਾਇਤਾ ਨੂੰ ਰੱਖ ਸਕਦੇ ਹੋ।ਸਰਕਾਰ ਘੱਟ ਸਮਾਜਕ ਸਹਾਇਤਾ ਦਾ ਭੁਗਤਾਨ ਕਰਿਆ ਕਰਦੀ ਸੀ ਜੇ ਤੁਸੀਂ ਬੱਚੇ ਲਈ ਮਾਲੀ ਸਹਾਇਤਾ ਪ੍ਰਾਪਤ ਕਰ ਰਹੇ ਸੀ ਜਾਂ ਕਰ ਸਕਦੇ ਸੀ।ਹੁਣ ਇਹ ਨਿਯਮ ਨਹੀਂ ਹੈ, ਪਰ ਜੇ ਤੁਸੀਂ ਸਮਾਜਕ ਸਹਾਇਤਾ ਦੇ ਭੁਗਤਾਨ ਵੀ ਪ੍ਰਾਪਤ ਕਰ ਰਹੇ ਹੋ ਤਾਂ ਤੁਹਾਡੇ ਵਾਸਤੇ ਹਲੇ ਵੀ ਇਹ ਰਿਪੋਰਟ ਕਰਨਾ ਜ਼ਰੂਰੀ ਹੈ ਕਿ ਤੁਸੀਂ ਬੱਚੇ ਲਈ ਮਾਲੀ ਸਹਾਇਤਾ ਦੇ ਭੁਗਤਾਨ ਪ੍ਰਾਪਤ ਕਰ ਰਹੇ ਹੋ।

ਸਮਾਜਕ ਸਹਾਇਤਾ ਪ੍ਰਾਪਤ ਕਰ ਰਹੇ ਭੁਗਤਾਨ ਕਰਤਾ ਮਾਪਿਆਂ ਤੋਂ ਫੇਰ ਵੀ ਬੱਚੇ ਲਈ ਕੁਝ ਮਾਲੀ ਸਹਾਇਤਾ ਦਾ ਭੁਗਤਾਨ ਕਰਨ ਦੀ ਉਮੀਦ ਕੀਤੀ ਜਾਂਦੀ ਹੈ,ਜਿਵੇਂ ਕਿ ਸੇਧਾਂ ਵਿੱਚ ਨਿਰਧਾਰਤ ਕੀਤਾ ਗਿਆ ਹੈ।ਭੁਗਤਾਨ ਕਰਤਾ ਤੋਂ ਬੱਚੇ ਲਈ ਮਾਲੀ ਸਹਾਇਤਾ ਦਾ ਭੁਗਤਾਨ ਕਰਨ ਦੀ ਉਮੀਦ ਕੀਤੀ ਜਾ ਸਕਦੀ ਹੈ ਚਾਹੇ ਉਨ੍ਹਾਂ ਦੀ ਸਾਲਾਨਾ ਆਮਦਨ ਬੇਹੱਦ ਘੱਟ ਜਾਪਦੀ ਹੋਵੇ।

ਓਨਟਾਰਿਓ ਸਰਕਾਰ ਸੀਮਾ ਤੈਅ ਕਰਦੀ ਹੈ, ਅਤੇ ਇੱਕ ਮਾਪਾ ਜਿਹੜਾ ਸੀਮਾ ਤੋਂ ਘੱਟ ਕਮਾਉਂਦਾ ਹੈ ਨੂੰ ਬੱਚੇ ਲਈ ਮਾਲੀ ਸਹਾਇਤਾ ਦਾ ਭੁਗਤਾਨ ਕਰਨ ਦੀ ਲੋੜ ਨਹੀਂ ਹੈ।ਤੁਸੀਂ ਸਮਾਜਕ ਸਹਾਇਤਾ ਦਫਤਰ ਵਿੱਚ ਪੁੱਛ ਸਕਦੇ ਹੋ ਜਾਂ ਇੱਕ ਵਕੀਲ ਨੂੰ ਪੁੱਛ ਸਕਦੇ ਹੋ ਕਿ ਕਿਵੇਂ ਪਤਾ ਕੀਤਾ ਜਾਏ ਜੇਕਰ ਤੁਹਾਡਾ ਸਾਥੀ ਬੱਚੇ ਲਈ ਮਾਲੀ ਸਹਾਇਤਾ ਦਾ ਭੁਗਤਾਨ ਕਰਨ ਦੀ ਸੀਮਾ ਤੋਂ ਹੇਠਾਂ ਹੈ।

## ਸਹਾਇਤਾ ਦੇ ਆਦੇਸ਼ਾਂ ਨੂੰ ਕਿਵੇਂ ਲਾਗੂ ਕੀਤਾ ਜਾਂਦਾ ਹੈ?

ਓਨਟਾਰਿਓ ਵਿੱਚ ਬੱਚੇ ਲਈ ਮਾਲੀ ਸਹਾਇਤਾ ਦੇ ਆਦੇਸ਼ਾਂ ਨੂੰ **ਫੈਮਲੀ ਰਿਪੌਂਸੀਬਿਲਿਟੀ ਆਫਿਸ** (ਐਫਆਰਓ) ਦੁਆਰਾ ਲਾਗੂ ਕੀਤਾ ਜਾਂਦਾ ਹੈ।ਐਫਆਰਓ (FRO) ਇੱਕ ਸੂਬਾਈ ਸਰਕਾਰੀ ਦਫਤਰ ਹੈ।ਬੱਚੇ ਦੀ ਮਾਲੀ ਸਹਾਇਤਾ ਵਾਸਤੇ ਹਰੇਕ ਅਦਾਲਤੀ ਆਦੇਸ਼ ਨੂੰ ਆਪਣੇ ਆਪ ਐਫਆਰਓ ਦੇ ਨਾਲ ਫਾਇਲ ਕੀਤਾ ਜਾਂਦਾ ਹੈ।ਸਹਾਇਤਾ **ਪ੍ਰਾਪਤ ਕਰਨ ਵਾਲੇ ਨੂੰ** ਐਫਆਰਓ ਨੂੰ ਤੁਹਾਡਾ ਸਹਾਇਤਾ ਆਦੇਸ਼ ਲਾਗੂ ਕਰਨ ਨੂੰ ਰੋਕਣ ਲਈ **ਸਹਿਮਤੀ** ਦੇਣੀ ਪਵੇਗੀ।

ਜੇ ਤੁਹਾਡਾ ਅਤੇ ਤੁਹਾਡੇ ਸਾਬਕਾ ਸਾਥੀ ਦਾ ਬੱਚੇ ਲਈ ਮਾਲੀ ਸਹਾਇਤਾ ਬਾਬਤ ਕੋਈ ਸਮਝੌਤਾ ਹੈ ਅਤੇ ਤੁਸੀਂ ਚਾਹੁੰਦੇ ਹੋ ਕਿ ਐਫਆਰਓ ਉਸ ਨੂੰ ਲਾਗੂ ਕਰੇ,ਤਾਂ ਤੁਹਾਡੇ ਲਈ ਸਮਝੌਤੇ ਨੂੰ ਪਹਿਲਾਂ ਅਦਾਲਤ ਵਿੱਚ ਫਾਇਲ ਕਰਨਾ ਜ਼ਰੂਰੀ ਹੈ।ਫਿਰ ਤੁਸੀਂ ਇਹ ਪਤਾ ਕਰਨ ਲਈ ਐਫਆਰਓ ਦੇ ਨਾਲ ਸੰਪਰਕ ਕਰ ਸਕਦੇ ਹੋ ਕਿ ਇਹ ਯਕੀਨੀ ਕਿਵੇਂ ਬਣਾਇਆ ਜਾਏ ਕਿ ਉਹ ਉਸ ਨੂੰ ਲਾਗੂ ਕਰਨਗੇ।

## ਐਫਆਰਓ ਕਿਸ ਤਰ੍ਹਾਂ ਕੰਮ ਕਰਦਾ ਹੈ?

ਜਦ ਕੋਈ ਸਹਾਇਤਾ ਆਦੇਸ਼ ਐਫਆਰਓ ਕੋਲ ਫਾਇਲ ਕੀਤਾ ਜਾਂਦਾ ਹੈ, ਤਾਂ ਦੂਜੇ ਮਾਪੇ ਵਾਸਤੇ ਬੱਚੇ ਲਈ ਮਾਲੀ ਸਹਾਇਤਾ ਦੇ ਸਾਰੇ ਭੁਗਤਾਨਾਂ ਨੂੰ ਐਫਆਰਓ ਨੂੰ ਭੇਜਣਾ ਲਾਜ਼ਮੀ ਹੈ।ਇੱਕ ਵਾਰ ਜਦ ਐਫਆਰਓ ਨੂੰ ਪੈਸੇ ਮਿਲ ਜਾਂਦੇ ਹਨ, ਤਾਂ ਉਹ ਇਹਨਾਂ ਨੂੰ ਤੁਹਾਡੇ ਕੋਲ ਭੇਜ ਦਿੰਦਾ ਹੈ।

ਐਫਆਰਓ ਕੋਲ ਬਹੁਤ ਸਾਰੀਆਂ ਫਾਈਲਾਂ ਹਨ। ਕਿਉਂਕਿ ਦਫਤਰ ਬਹੁਤ ਹੀ ਵਿਅਸਤ ਰਹਿੰਦਾ ਹੈ, ਤੁਹਾਨੂੰ ਬੱਚੇ ਲਈ ਮਾਲੀ ਸਹਾਇਤਾ ਦੇ ਪੈਸੇ ਮਿਲਣੇ ਸ਼ੁਰੂ ਹੋਣ ਤੋਂ ਪਹਿਲਾਂ, ਆਦੇਸ਼ ਫਾਈਲ ਕਰਨ ਦੇ ਬਾਅਦ ਕਈ ਮਹੀਨਿਆਂ ਤੱਕ ਇੰਤਜ਼ਾਰ ਕਰਨਾ ਪੈ ਸਕਦਾ ਹੈ।ਜੇ ਐਫਆਰਓ ਦੇ ਕੋਲ ਭੁਗਤਾਨ ਕਰਤਾ ਦੀ ਆਮਦਨੀ ਜਾਂ ਦੂਸਰੀ ਸੰਪਤੀ ਬਾਰੇ ਜਾਣਕਾਰੀ ਨਹੀਂ ਹੈ, ਤਾਂ ਤੁਹਾਨੂੰ ਭੁਗਤਾਨ ਪ੍ਰਾਪਤ ਕਰਨੇ ਸ਼ੁਰੂ ਕਰਨ ਵਿੱਚ ਹੋਰ ਜ਼ਿਆਦਾ ਸਮਾਂ ਲੱਗ ਸਕਦਾ ਹੈ।

## ਜੇ ਭੁਗਤਾਨ ਕਰਤਾ ਭੁਗਤਾਨ ਨਹੀਂ ਕਰਦਾ ਤਾਂ ਕੀ ਹੁੰਦਾ ਹੈ?

ਕਈ ਵਾਰੀ, ਭੁਗਤਾਨ ਕਰਤਾ ਲੇਟ ਹੋ ਜਾਂਦਾ ਹੈ ਜਾਂ ਭੁਗਤਾਨ ਕਰਨ ਤੋਂ ਖੁੰਝ ਜਾਂਦਾ ਹੈ।ਹੇਠਾਂ ਦੱਸਿਆ ਜਾ ਰਿਹਾ ਹੈ ਕਿ ਐਫਆਰਓ ਪੈਸੇ ਇਕੱਤਰ ਕਰਨ ਲਈ ਕੀ ਕਰ ਸਕਦਾ ਹੈ:

- ਜੇ ਭੁਗਤਾਨ ਕਰਤਾ ਕੰਮ ਕਰ ਰਿਹਾ ਹੈ, ਤਾਂ ਐਫਆਰਓ ਭੁਗਤਾਨ ਕਰਤਾ ਦੇ ਰੁਜ਼ਗਾਰਦਾਤਾ ਨੂੰ ਉਨ੍ਹਾਂ ਦੀ ਤਨਖਾਹ ਵਿੱਚੋਂ ਸਹਾਇਤਾ ਭੁਗਤਾਨਾਂ ਵਾਸਤੇ ਪੈਸੇ ਕੱਟਣ ਅਤੇ ਉਸ ਨੂੰ ਐਫਆਰਓ ਕੋਲ ਭੇਜਣ ਦਾ ਆਦੇਸ਼ ਦੇ ਸਕਦਾ ਹੈ।ਇਸਨੂੰ **ਤਨਖਾਹ ਕੱਟਣਾ** (**garnishing wages**) ਕਿਹਾ ਜਾਂਦਾ ਹੈ।
- ਜੇਕਰ ਭੁਗਤਾਨ ਕਰਤਾ ਬੇਰੁਜ਼ਗਾਰ ਹੈ ਜਾਂ ਸਵੈ-ਰੁਜ਼ਗਾਰ ਹੈ, ਤਾਂ ਐਫਆਰਓ ਭੁਗਤਾਨ ਕਰਤਾ ਦੇ ਬੈਂਕ ਖਾਤੇ ਵਿੱਚੋਂ ਪੈਸੇ ਲੈਣ ਦੀ ਕੋਸ਼ਿਸ਼ ਕਰ ਸਕਦਾ ਹੈ। ਇਸਨੂੰ ਇੱਕ **ਖਾਤੇ ਵਿੱਚੋਂ ਕਟੌਤੀ ਕਰਨਾ** (**garnishing an account**) ਕਿਹਾ ਜਾਂਦਾ ਹੈ।ਐਫਆਰਓ ਵਿਅਕਤੀਗਤ ਜਾਇਦਾਦ,ਜਿਵੇਂ ਕਿ ਕਾਰ ਜਾਂ ਘਰ ਆਦਿ ਉੱਤੇ **ਗ੍ਰਹਿਣ ਅਧਿਕਾਰ** (**ਲੀਨ- lien**) ਵੀ ਪਾ ਸਕਦਾ ਹੈ। ਜੇ ਭੁਗਤਾਨ ਕਰਤਾ ਇਸ ਜਾਇਦਾਦ ਨੂੰ ਵੇਚਣ ਦੀ ਕੋਸ਼ਿਸ਼ ਕਰਦਾ ਹੈ, ਤਾਂ ਐਫਆਰਓ ਨੂੰ ਤੁਹਾਨੂੰ ਭੁਗਤਾਨ ਕਰਨ ਲਈ ਉਹ ਪੈਸੇ ਮਿਲ ਜਾਣਗੇ ਜਿੰਨੇ ਭੁਗਤਾਨ ਕਰਤਾ ਨੇ ਦੇਣੇ ਹਨ।

- ਜੇ ਭੁਗਤਾਨ ਕਰਤਾ ਹਮੇਸ਼ਾ ਹੀ ਲੇਟ ਹੋ ਜਾਂਦਾ ਹੈ ਜਾਂ ਜੇ ਉਸਨੇ ਬੱਚੇ ਲਈ ਮਾਲੀ ਸਹਾਇਤਾ ਵਿੱਚ ਬਹੁਤ ਸਾਰੇ ਪੈਸੇ ਦੇਣੇ ਹਨ, ਤਾਂ ਐਫਆਰਓ ਕ੍ਰੈਡਿਟ ਬਿਊਰੋ ਨੂੰ ਭੁਗਤਾਨ ਕਰਤਾ ਦੀ ਰਿਪੋਰਟ ਕਰਕੇ,ਭੁਗਤਾਨ ਕਰਤਾ ਦਾ ਡਰਾਈਵਰ ਲਸੰਸ ਜਾਂ ਪਾਸਪੋਰਟ ਮੁਅੱਤਲ ਕਰਕੇ,ਜਾਂ ਉਨ੍ਹਾਂ ਨੂੰ ਜੇਲ ਵਿੱਚ ਪਾ ਕੇ ਵੀ ਭੁਗਤਾਨ ਕਰਨ ਵਾਸਤੇ ਮਜ਼ਬੂਰ ਕਰਨ ਦੀ ਕੋਸ਼ਿਸ਼ ਕਰ ਸਕਦਾ ਹੈ।
- ਐਫਆਰਓ ਬੱਚੇ ਲਈ ਮਾਲੀ ਸਹਾਇਤਾ ਦੇ ਭੁਗਤਾਨ ਕਰਨ ਲਈ ਉਹ ਪੈਸੇ ਵੀ ਲੈ ਸਕਦਾ ਹੈ ਜਿਹੜੇ ਸਰਕਾਰ ਨੇ ਭੁਗਤਾਨ ਕਰਤਾ ਨੂੰ ਦੇਣੇ ਹਨ ਜਿਵੇਂ ਕਿ ਟੈਕਸ ਰਿਫੰਡ ਜਾਂ ਰੁਜ਼ਗਾਰ ਬੀਮੇ ਦੇ ਲਾਭ।
- ਐਫਆਰਓ ਬੱਚੇ ਦੇ ਲਈ ਮਾਲੀ ਸਹਾਇਤਾ ਦਾ ਭੁਗਤਾਨ ਨਾ ਕਰਨ ਵਾਸਤੇ ਕ੍ਰੈਡਿਟ ਬਿਊਰੋ ਨੂੰ ਭੁਗਤਾਨ ਕਰਤਾ ਦੀ ਰਿਪੋਰਟ ਕਰ ਸਕਦਾ ਹੈ।ਜੇ ਭੁਗਤਾਨ ਕਰਤਾ ਨੇ ਛੇ ਮਹੀਨੇ ਜਾਂ ਉਸ ਤੋਂ ਵੱਧ ਵਿੱਚ ਬੱਚੇ ਲਈ ਮਾਲੀ ਸਹਾਇਤਾ ਦਾ ਭੁਗਤਾਨ ਨਹੀਂ ਕੀਤਾ ਹੈ, ਅਤੇ ਐਫਆਰਓ ਭੁਗਤਾਨ ਕਰਤਾ ਨੂੰ ਲੱਭਣ ਵਿੱਚ ਅਸਮਰੱਥ ਰਿਹਾ ਹੈ, ਉਹ ਭੁਗਤਾਨ ਕਰਤਾ ਬਾਰੇ ਨਿਜੀ ਜਾਣਕਾਰੀ ਨੂੰ ਭੁਗਤਾਨ ਨਾ ਕਰਨ ਵਾਲੇ ਮਾਪਿਆਂ ਬਾਰੇ ਇੱਕ ਵੈੱਬਸਾਇਟ ਤੇ ਪੋਸਟ ਕਰ ਸਕਦਾ ਹੈ।ਅਜਿਹਾ ਕਰਨ ਤੋਂ ਪਹਿਲਾਂ ਐਫਆਰਓ ਭੁਗਤਾਨ ਪ੍ਰਾਪਤ ਕਰਨ ਵਾਲੇ ਮਾਪਿਆਂ ਕੋਲੋਂ ਸਹਿਮਤੀ ਲਵੇਗਾ।

## ਸਵਦੇਸ਼ੀ ਭਾਈਚਾਰਿਆਂ ਵਾਸਤੇ ਖਾਸ ਨਿਯਮ

ਜੇ ਭੁਗਤਾਨ ਕਰਤਾ ਮਾਪਾ ਸੰਘੀ *ਇੰਡੀਅਨ ਐਕਟ* ਦੇ ਹੇਠ ਇੱਕ ਸਟੇਟਸ ਇੰਡੀਅਨ ਹੈ, ਕੁਝ ਸਥਿਤੀਆਂ ਵਿੱਚ ਸੰਘੀ ਕਾਨੂੰਨ ਸੀਮਿਤ ਕਰਦਾ ਹੈ ਕਿ ਐਫਆਰਓ ਬੱਚੇ ਲਈ ਮਾਲੀ ਸਹਾਇਤਾ ਦੇ ਅਦਾਲਤੀ ਆਦੇਸ਼ ਨੂੰ ਕਿਵੇਂ ਲਾਗੂ ਕਰ ਸਕਦਾ ਹੈ:

- ਜੇ ਪ੍ਰਾਪਤ ਕਰਨ ਵਾਲਾ (ਬੱਚਾ ਜਾਂ ਸਾਥੀ) ਇੱਕ ਸਟੇਟਸ ਇੰਡੀਅਨ ਹੈ ਪਰ ਭੁਗਤਾਨ ਕਰਤਾ ਇੱਕ ਸਟੇਟਸ ਇੰਡੀਅਨ ਨਹੀਂ ਹੈ, ਐਫਆਰਓ ਬੱਚੇ ਅਤੇ ਪਤੀ/ਪਤਨੀ ਦੇ ਲਈ ਮਾਲੀ ਸਹਾਇਤਾ ਦੇ ਆਦੇਸ਼ਾਂ ਨੂੰ ਲਾਗੂ ਕਰਨ ਦੀ ਕੋਸ਼ਿਸ਼ ਕਰਨ ਲਈ ਹਲੇ ਵੀ ਸਾਰੇ ਨਿਯਮ ਲਾਗੂ ਕਰ ਸਕਦਾ ਹੈ।
- ਜੇ ਭੁਗਤਾਨ ਕਰਤਾ ਇੱਕ ਸਟੇਟਸ ਇੰਡੀਅਨ ਹੈ ਪਰ ਪ੍ਰਾਪਤ ਕਰਨ ਵਾਲਾ (ਬੱਚਾ ਜਾਂ ਸਾਥੀ) ਇੱਕ ਸਟੇਟਸ ਇੰਡੀਅਨ ਨਹੀਂ ਹੈ,ਐਫਆਰਓ ਕੇਵਲ ਉਸ ਸੰਪਤੀ ਤੇ ਨਿਯਮ ਲਾਗੂ ਕਰ ਸਕਦਾ ਹੈ ਜਿਸਦੀ ਮਾਲਕੀ

ਰਿਜ਼ਰਵ ਤੋਂ ਬਾਹਰ (ਆਫ-ਰਿਜ਼ਰਵ) ਹੈ ਜਾਂ ਉਨ੍ਹਾਂ ਪੈਸਿਆਂ ਤੇ ਜਿਹੜੇ ਰਿਜ਼ਰਵ ਤੋਂ ਬਾਹਰ (ਆਫ-ਰਿਜ਼ਰਵ) ਕਮਾਏ ਗਏ ਹਨ। ਐਫਆਰਓ ਰਿਜ਼ਰਵ ਤੇ ਹੋਣ ਵਾਲੀ ਕਿਸੀ ਵੀ ਸੰਪਤੀ ਜਾਂ ਰਿਜ਼ਰਵ ਤੇ ਕਮਾਈ ਗਈ ਕਿਸੇ ਵੀ ਆਮਦਨੀ ਤੋਂ ਭੁਗਤਾਨ ਲਈ ਜ਼ਬਰਦਸਤੀ ਨਹੀਂ ਕਰ ਸਕਦਾ। ਐਫਆਰਓ ਹਲੇ ਵੀ ਦੂਸਰੇ ਤਰੀਕਿਆਂ ਦੇ ਨਾਲ ਸਹਾਇਤਾ ਦੇ ਆਦੇਸ਼ਾਂ ਨੂੰ ਲਾਗੂ ਕਰ ਸਕਦਾ ਹੈ, ਜਿਵੇਂ ਕਿ ਕ੍ਰੈਡਿਟ ਬਿਊਰੋ ਨੂੰ ਭੁਗਤਾਨ ਕਰਤਾ ਦੀ ਰਿਪੋਰਟ ਕਰਨਾ,ਉਨ੍ਹਾਂ ਦਾ ਡਰਾਈਵਰ ਲਸੰਸ ਅਤੇ ਪਾਸਪੋਰਟ ਮੁਅੱਤਲ ਕਰਕੇ ਅਤੇ ਸਹਾਇਤਾ ਦਾ ਭੁਗਤਾਨ ਨਾ ਕਰਨ ਵਾਸਤੇ ਉਨ੍ਹਾਂ ਨੂੰ ਜੇਲ ਵਿੱਚ ਕੈਦ ਕਰਕੇ।

ਇਹ ਜਾਣਨਾ ਮਹੱਤਵਪੂਰਨ ਹੈ ਕਿ ਤੁਸੀਂ ਭੁਗਤਾਨ ਕਰਤਾ ਮਾਪੇ ਨੂੰ ਬੱਚੇ ਲਈ ਮਾਲੀ ਸਹਾਇਤਾ ਦਾ ਭੁਗਤਾਨ ਕਰਨ ਵਿੱਚ ਲੇਟ ਹੋਣ ਜਾਂ ਬੱਚੇ ਲਈ ਮਾਲੀ ਸਹਾਇਤਾ ਦਾ ਭੁਗਤਾਨ ਨਾ ਕਰਨ ਲਈ ਆਪਣੇ ਬੱਚੇ ਤੱਕ ਪਹੁੰਚ ਪ੍ਰਦਾਨ ਕਰਨ ਤੋਂ ਇਨਕਾਰ **ਨਹੀਂ** ਕਰ ਸਕਦੇ। ਤੁਸੀਂ ਕੇਵਲ ਤਾਂ ਹੀ ਮਾਪੇ ਨੂੰ ਉਨ੍ਹਾਂ ਦੇ ਬੱਚੇ ਨੂੰ ਮਿਲਣ ਦੀ ਆਗਿਆ ਦੇਣ ਤੋਂ ਇਨਕਾਰ ਕਰ ਸਕਦੇ ਹੋ,ਜਦੋਂ ਉਨ੍ਹਾਂ ਕੋਲ ਇਹ ਕਾਨੂੰਨੀ ਅਧਿਕਾਰ ਹੈ, ਜੇਕਰ ਤੁਹਾਨੂੰ ਆਪਣੇ ਬੱਚੇ ਦੀ ਸੁਰੱਖਿਆ ਦਾ ਡਰ ਹੈ -- ਉਸ ਸਥਿਤੀ ਵਿੱਚ, ਤੁਹਾਨੂੰ ਤੁਰੰਤ ਮਦਦ ਲੈਣੀ ਚਾਹੀਦੀ ਹੈ। ਤੁਸੀਂ ਆਪਣੀਆਂ ਚੋਣਾਂ ਬਾਬਤ ਕਿਸੇ ਵਕੀਲ ਨਾਲ ਗੱਲ ਕਰ ਸਕਦੇ ਹੋ। ਕਿਸੇ ਐਮਰਜੈਂਸੀ ਵਿੱਚ, 911'ਤੇ ਪੁਲਿਸ ਨੂੰ ਫੋਨ ਕਰੋ।

## ਜੇ ਭੁਗਤਾਨ ਕਰਤਾ ਓਨਟਾਰੀਓ ਵਿੱਚ ਨਹੀਂ ਰਹਿੰਦਾ ਤਾਂ ਕੀ ਹੁੰਦਾ ਹੈ?

ਐਫਆਰਓ ਤੁਹਾਨੂੰ ਸਹਾਇਤਾ ਵਸੂਲ ਕਰਨ ਵਿੱਚ ਮਦਦ ਕਰ ਸਕਦਾ ਹੈ ਜੇਕਰ ਭੁਗਤਾਨ ਕਰਤਾ ਮਾਪਾ ਕੈਨੇਡਾ ਜਾਂ ਯੂਨਾਈਟਿਡ ਸਟੇਟਸ ਵਿੱਚ ਕਿਤੇ ਵੀ ਰਹਿੰਦਾ ਹੈ।ਅਜਿਹਾ ਇਸ ਲਈ ਹੈ ਕਿਉਂਕਿ ਸਾਰੇ ਪ੍ਰਾਂਤਾਂ ਅਤੇ ਰਾਜਾਂ ਨੇ ਸਮਝੌਤਿਆਂ 'ਤੇ ਦਸਤਖਤ ਕੀਤੇ ਹਨ ਜੋ ਐਫਆਰਓ ਅਤੇ ਹੋਰਨਾਂ ਪ੍ਰਾਂਤਾਂ ਅਤੇ ਰਾਜਾਂ ਵਿਚ ਏਹੋ ਜਿਹੇ ਦਫਤਰਾਂ ਨੂੰ ਇਹਨਾਂ ਹੱਦਾਂ ਦੇ ਆਰ-ਪਾਰ ਬੱਚੇ ਲਈ ਮਾਲੀ ਸਹਾਇਤਾ ਦੇ ਆਦੇਸ਼ਾਂ ਨੂੰ ਲਾਗੂ ਕਰਨ ਦੀ ਇਜਾਜ਼ਤ ਦਿੰਦੇ ਹਨ। ਓਨਟਾਰੀਓ ਦੇ ਕੁਝ ਹੋਰ ਦੇਸ਼ਾਂ ਦੇ ਨਾਲ ਵੀ ਸਮਝੌਤੇ ਹਨ ਜਿੰਨ੍ਹਾਂ ਵਿੱਚ ਬਰਮੂਡਾ, ਘਾਨਾ, ਹਾਂਗਕਾਂਗ, ਯੂਨਾਈਟਿਡ ਕਿੰਗਡਮ ਅਤੇ ਯੂਰਪ ਵਿੱਚ ਕਈ ਦੇਸ਼ ਸ਼ਾਮਲ ਹਨ।

ਜੇ ਭੁਗਤਾਨ ਕਰਤਾ ਮਾਪਾ ਕਿਸੇ ਅਜਿਹੇ ਦੇਸ਼ ਵਿੱਚ ਰਹਿੰਦਾ ਹੈ ਜਿਸਦਾ ਓਨਟਾਰੀਓ ਦੇ ਨਾਲ ਸਮਝੌਤਾ ਨਹੀਂ ਹੈ, ਤਾਂ ਐਫਆਰਓ ਬੱਚੇ ਲਈ ਮਾਲੀ ਸਹਾਇਤਾ ਆਦੇਸ਼ ਨੂੰ ਲਾਗੂ ਕਰਨ ਵਿੱਚ ਤੁਹਾਡੀ ਮਦਦ ਨਹੀਂ ਕਰ ਸਕਦਾ ਜਦੋਂ ਤੱਕ ਕਿ ਤੁਹਾਡੇ ਕੋਲ ਜਾਣਕਾਰੀ ਹੋਏ ਕਿ ਭੁਗਤਾਨ ਕਰਤਾ ਮਾਪੇ ਦੀ ਓਨਟਾਰੀਓ ਵਿੱਚ ਆਮਦਨੀ ਜਾਂ ਸੰਪਤੀ ਹੈ।ਉਹ ਇਕੱਲਾ ਤਰੀਕਾ ਜਿਸ ਨਾਲ ਤੁਸੀਂ ਸਹਾਇਤਾ ਵਸੂਲ ਕਰ ਸਕਦੇ ਹੋ, ਉਹ ਹੈ ਉਸ ਦੇਸ਼ ਦੇ ਕਾਨੂੰਨਾਂ ਦੀ ਵਰਤੋਂ ਕਰਨਾ ਜਿੱਥੇ ਭੁਗਤਾਨ ਕਰਤਾ ਰਹਿੰਦਾ ਹੈ। ਅਜਿਹਾ ਕਰਨ ਲਈ, ਕੋਈ ਵਕੀਲ ਮਦਦ ਕਰਨ ਦੇ ਯੋਗ ਹੋ ਸਕਦਾ ਹੈ।

*ਹਿੰਸਾ ਦਾ ਖਤਰਾ ਉਸ ਵੇਲੇ ਵੱਧ ਹੁੰਦਾ ਹੈ ਜਦੋਂ ਇੱਕ ਨਿਕਟਵਰਤੀ ਰਿਸ਼ਤਾ ਖਤਮ ਹੋ ਰਿਹਾ ਹੁੰਦਾ ਹੈ।ਜੇ ਤੁਹਾਨੂੰ ਫੌਰੀ ਖਤਰਾ ਹੈ, ਤਾਂ 911 ਨੂੰ ਫੋਨ ਕਰੋ।ਜੇ ਤੁਹਾਨੂੰ ਜਾਂ ਤੁਹਾਡੇ ਕਿਸੇ ਜਾਣਨ ਵਾਲੇ ਨੂੰ ਖਤਰਾ ਹੈ,ਤਾਂ ਸਹਾਰਾ ਪ੍ਰਾਪਤ ਕਰਨ ਬਾਰੇ ਜਾਣਕਾਰੀ ਵਾਸਤੇ ਫਲੂ (FLEW) ਵੈੱਬਸਾਇਟ ਤੇ ਜਾਓ।*

*ਜੇ ਤੁਸੀਂ ਓਨਟਾਰੀਓ ਵਿੱਚ ਰਹਿਣ ਵਾਲੀ,ਫਰੈਂਚ ਬੋਲਣ ਵਾਲੀ (francophone) ਔਰਤ ਹੋ, ਤਾਂ ਤੁਹਾਨੂੰ ਪਰਿਵਾਰਕ ਕਾਨੂੰਨ ਦੀਆਂ ਅਦਾਲਤੀ ਕਾਰਵਾਈਆਂ ਲਈ ਫਰੈਂਚ ਭਾਸ਼ਾ ਵਿੱਚ ਸੇਵਾਵਾਂ ਤੱਕ ਪਹੁੰਚ ਹਾਸਲ ਕਰਨ ਦਾ ਅਧਿਕਾਰ ਹੈ। ਆਪਣੇ ਅਧਿਕਾਰਾਂ ਬਾਰੇ ਵਧੇਰੇ ਜਾਣਕਾਰੀ ਵਾਸਤੇ, ਕਿਸੇ ਵਕੀਲ, ਕਿਸੇ ਕਮਿਊਨਟੀ ਲੀਗਲ ਕਲੀਨਿਕ, ਜਾਂ 1-877-336-2433, ਟੀਟੀਵਾਏ 1-866-860-7082 'ਤੇ ਫੇਮਏਡ (Femaide) ਸਪੋਰਟ ਲਾਇਨ ਨਾਲ ਸੰਪਰਕ ਕਰੋ।*

*ਤੁਸੀਂ ਫਰੈਂਚ ਭਾਸ਼ਾ ਵਿੱਚ ਸੇਵਾਵਾਂ ਤੱਕ ਪਹੁੰਚ ਕਿਵੇਂ ਕਰਨੀ ਹੈ, ਬਾਰੇ ਵਧੇਰੇ ਜਾਣਕਾਰੀ ਸਾਡੀ ਵੈੱਬਸਾਇਟ www.onefamilylaw.ca ਜਾਂ www.undroitdefamille.ca 'ਤੇ ਲੱਭ ਸਕਦੇ ਹੋ।*

## ਪਰਿਵਾਰਕ ਕਾਨੂੰਨ ਦੇ ਉਪਲਬਧ ਵਿਸ਼ੇ*

1. ਆਲਟਰਨੇਟਿਵ ਡਿਸਪਿਊਟ ਰਿਜ਼ੋਲਿਊਸ਼ਨ ਐਂਡ ਫੈਮਲੀ ਲਾਅ (PJB 001)
2. ਚਾਇਲਡ ਪ੍ਰੋਟੈਕਸ਼ਨ ਐਂਡ ਫੈਮਲੀ ਲਾਅ (PJB 002)
3. **ਚਾਇਲਡ ਸਪੋਰਟ (PJB 003)**
4. ਕ੍ਰਿਮਿਨਲ ਐਂਡ ਫੈਮਲੀ ਲਾਅ (PJB 004)
5. ਚਾਇਲਡ ਕਸਟਡੀ ਐਂਡ ਐਕਸੇਸ ਐਂਡ ਫੈਮਲੀ ਲਾਅ (PJB 005)
6. ਡੋਮੈਸਟਿਕ ਕੌਨਟ੍ਰੈਕਟਸ ਐਂਡ ਫੈਮਲੀ ਲਾਅ (PJB 006)
7. ਫੈਮਲੀ ਲਾਅ ਆਰਬੀਟ੍ਰੇਸ਼ਨ (PJB 007)
8. ਫੈਮਲੀ ਲਾਅ ਇਸ਼ੂਜ਼ ਫਾਰ ਇੰਮੀਗ੍ਰੇਂਟ ,ਰਿਫਿਊਜੀ ਐਂਡ ਨੌਨ-ਸਟੇਟਸ ਵਿਮਿੰਨ (PJB 008)
9. ਫਾਇੰਡਿੰਗ ਹੈਲਪ ਵਿਦ ਯੌਰ ਫੈਮਲੀ ਲਾਅ ਪ੍ਰੌਬਲਮ (PJB 009)
10. ਹਾਓ ਪ੍ਰੌਪਰਟੀ ਇਜ਼ ਡਿਵਾਈਡਿਡ ਇੰਨ ਫੈਮਲੀ ਲਾਅ (PJB 010)
11. ਮੈਰਿਜ ਐਂਡ ਡਾਇਵੋਰਸ (PJB 011)
12. ਸਪਾਊਜ਼ਲ ਸਪੋਰਟ (PJB 012)

** ਇਹ ਕਿਤਾਬਚਾ ਅਨੇਕ ਫਾਰਮੈਟਾਂ ਅਤੇ ਭਾਸ਼ਾਵਾਂ ਵਿੱਚ ਉਪਲਬਧ ਹੈ। ਕਿਰਪਾ ਕਰਕੇ ਹੋਰ ਜਾਣਕਾਰੀ ਲਈ www.onefamilylaw.ca ਦੇਖੋ। ਤੁਸੀਂ ਆਪਣੇ ਪਰਿਵਾਰਕ ਕਾਨੂੰਨ ਦੇ ਹੱਕਾਂ ਨੂੰ ਸਮਝਣ ਵਿੱਚ ਸਹਾਇਤਾ ਲਈ ਵੈੱਬਸਾਇਟ ਤੇ ਵਾਧੂ ਸਮੱਗਰੀ ਵੀ ਲੱਭ ਸਕਦੇ ਹੋ।*

flew Family Law Education for Women
Women's Right to Know

fodf Femmes ontariennes et droit de la famille
Le droit de savoir

The Law Foundation of Ontario

Funded by: /Financé par:
Ontario

The views expressed in these materials are the views of FLEW and do not necesarily reflect those of the Province.